# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ
## ਬਲਾਕ-ਈ, , ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ
## (ਗ੍ਰਾਂਟ-ਕਮ-ਪੈਨਸ਼ਨ-2 ਸਾਖਾ)

..........................................................................................................................................

ਵੱਲ,

ਸਮੂਹ C.B.S.E./I.C.S.E. ਅਤੇ
ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ
ਪ੍ਰਾਈਵੇਟ ਸਕੂਲਾਂ ਦੀਆਂ ਮੈਨੇਜਮੈਂਟਾਂ ਅਤੇ ਪ੍ਰਿੰਸੀਪਲ।

ਮੀਮੋ ਨੰ. :- ਗ੍ਰਾਂਟ- ਕਮ- ਪੈਨਸ਼ਨ (ਸਪੈਸ਼ਲ)/ਹਦਾਇਤਾਂ 2019/-2021884ਓ5
ਮਿਤੀ:- 12-3-2021 e. 164467

**ਵਿਸ਼ਾ:-** **C.B.S.E./I.C.S.E, ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਲਗਾਈਆਂ ਜਾਂਦੀਆਂ ਕਿਤਾਬਾਂ ਸਬੰਧੀ ਹਦਾਇਤਾਂ।**

**ਹਵਾਲਾ:-** **ਇਸ ਦਫਤਰ ਦੇ ਪੱਤਰ ਨੰ. ਗ੍ਰਾਂਟ ਕਮ ਪੈਨਸ਼ਨ (ਸਪੈਸ਼ਲ)/ਹਦਾਇਤਾਂ 2019/2019176090 ਮਿਤੀ 21.06.2019 ਅਤੇ ਪੱਤਰ ਨੰ. ਗ੍ਰਾਂਟ ਕਮ ਪੈਨਸ਼ਨ (ਸਪੈਸ਼ਲ) ਹਦਾਇਤਾਂ 2019/20201583 ਮਿਤੀ 01.01.2020 ਦੇ ਹਵਾਲੇ ਗ੍ਰਾਂਟ-ਕਮ-ਪੈਨਸ਼ਨ (ਸਪੈਸ਼ਲ)/ਹਦਾਇਤਾਂ 2019/4/9-2020 ਗ੍ਰਾਂਟ ਪੈਨਸ਼ਨ-21 ਮਿਤੀ 28.07.2020 ਦੇ ਹਵਾਲੇ ਵਿੱਚ।**

ਉਪਰੋਕਤ ਵਿਸੇ ਅਤੇ ਹਵਾਲਾ ਅਧੀਨ ਪੱਤਰਾਂ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਪ੍ਰਾਈਵੇਟ ਸਕੂਲਾਂ ਨਾਲ ਸਬੰਧਤ ਕੁਝ ਮੈਨੇਜਮੈਂਟਾਂ ਵੱਲੋਂ ਆਪਣੇ ਅਧੀਨ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਲਗਾਈਆਂ ਜਾਂਦੀਆਂ ਜੋ ਕਿ ਵਿਦਿਆਰਥੀਆਂ ਦੇ ਮਾਪਿਆਂ ਨੂੰ ਮਹਿੰਗੇ ਮੁੱਲ ਤੇ ਖਰੀਦਣੀਆਂ ਪੈਂਦੀਆਂ ਹਨ। ਅਜਿਹਾ ਹੋਣ ਕਰਕੇ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਉਕਤ ਦੇ ਸਬੰਧ ਵਿੱਚ ਆਪ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਅਧੀਨ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਕੇਵਲ NCERT/CISCE ਸਬੰਧਤ ਬੋਰਡਾਂ ਵੱਲੋਂ ਪ੍ਰਮਾਣਿਤ ਸੰਸਥਾਵਾਂ ਵੱਲੋਂ ਪ੍ਰਕਾਸਿਤ ਕਿਤਾਬਾਂ ਹੀ ਲਗਾਈਆ ਜਾਣ ਤਾਂ ਜੋ ਵਿਦਿਆਰਥੀਆਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ।

ਜੇਕਰ ਆਪ ਵੱਲੋਂ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਾ ਕੀਤੀ ਗਈ ਤਾਂ ਵਿਭਾਗ ਵੱਲੋਂ ਆਪ ਦਾ NOC ਰੱਦ ਕਰ ਦਿੱਤਾ ਜਾਵੇਗਾ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)**
**ਪੰਜਾਬ।.**